ਪਾਠ 2

# ਕੰਪਿਊਟਰ ਸਾਇੰਸ

(ਅੱਠਵੀਂ ਸ਼੍ਰੇਣੀ ਲਈ ਪਾਠ-ਪੁਸਤਕ)

## ਇੰਟਰਨੈੱਟ

ਅਭਿਆਸ

---

## ਖਾਲੀ ਥਾਵਾਂ ਭਰੋ:

1. ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰ ਨੂੰ ____________________________ਕਿਹਾ ਜਾਂਦਾ ਹੈ

   ਏ) ਆਰਪਾਨੈੱਟ **ਬੀ) ਇੰਟਰਨੈਟ** ਸੀ) ਇੰਟਰਾਨੈੱਟ ਡੀ) ਈਥਰਨੈੱਟ

2. WWW ਦਾ ਅਰਥ ਹੈ_________________________________________________

   **ਏ) ਵਰਲਡ ਵਾਈਡ ਵੈੱਬ** ਬੀ) ਵਰਲਡ ਵੈਬ ਵਾਈਡ ਸੀ) ਵੈੱਬ ਵਰਲਡ ਵਾਈਡ ਡੀ) ਵਾਈਡ ਵੈੱਬ ਵਰਲਡ

3. _________________________ ਦੁਆਰਾ ਆਨ ਲਾਈਨ ਇੰਟਰਨੈੱਟ ਤੇ ਗੱਲ ਬਾਤ ਕੀਤੀ ਜਾਂਦੀ ਹੈ

   ਏ) ਈ-ਕਾਮਰਸ **ਬੀ) ਚੈਟਿੰਗ** ਸੀ) ਈ-ਮੇਲ ਡੀ) ਵਾਈਡ ਵੈੱਬ ਵਰਲਡ

4. _________________________ ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ ਹੈ|

   ਏ) ਟੈਲੀਗ੍ਰਾਮ ਬੀ) ਲੈਟਰਜ਼ ਸੀ) ਆਈ.ਐਸ.ਪੀ **ਡੀ) ਈ-ਮੇਲ**

5. ___________ਇੱਕ ਯੰਤਰ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਨਾਲ ਜੋੜਦਾ ਹੈ|

   **ਏ) ਮਾਡਮ** ਬੀ) ਟੈਲੀਫੋਨ ਤਾਰ ਸੀ) ਮਾਊਸ ਡੀ) ਮੋਬਾਈਲ

## ਸਹੀ ਅਤੇ ਗਲਤ ਲਿਖੋ:

1. ਵੈੱਬ ਪੇਜ ਵੈੱਬਸਾਈਟ ਦੇ ਸਮੂਹ ਨੂੰ ਕਹਿੰਦੇ ਹਨ| **(ਗਲਤ)**
2. ਇੰਟਰਨੈੱਟ ਐਕਸਪਲੋਰਰ ਆਈ.ਐਸ.ਪੀ. ਦੇ ਨਾਮ ਨੂੰ ਕਿਹਾ ਜਾਂਦਾ ਹੈ| **(ਗਲਤ)**
3. ਫੇਸਬੁੱਕ ਇਕ ਪ੍ਰਸਿੱਧ ਸੋਸ਼ਲ-ਨੈੱਟਵਰਕਿੰਗ ਵੈਬਸਾਈਟ ਹੈ| **(ਸਹੀ)**
4. ਇੰਟਰਨੈੱਟ ਕੰਪਿਊਟਰ ਨੈਟਵਰਕ ਦੁਆਰਾ ਸੰਚਾਰ ਕਰਦੇ ਹਨ| **(ਸਹੀ)**
5. ਵੈੱਬਸਾਈਟ ਇੱਕ ਸਾਫਟਵੇਅਰ ਹੈ ਜੋ ਵੈੱਬ ਤੋਂ ਸੂਚਨਾ ਦੇਖਣ ਲਈ ਵਰਤਿਆ ਜਾਂਦਾ ਹੈ| **(ਗਲਤ)**

## ਛੋਟੇ ਉੱਤਰਾਂ ਵਾਲੇ ਪ੍ਰਸ਼ਨ:

### 1. ਇੰਟਰਨੈੱਟ ਕੀ ਹੈ?

ਉੱਤਰ- ਇੰਟਰਨੈੱਟ ਦਾ ਅਰਥ ਹੈ, ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰਜ਼| ਜਦੋਂ ਦੋ ਜਾਂ ਦੋ ਤੋਂ ਵੱਧ ਕੰਪਿਊਟਰ ਆਪਸ ਵਿੱਚ ਜੁੜਦੇ ਹਨ ਤਾਂ ਨੈੱਟਵਰਕ ਬਣਦਾ ਹੈ| ਇੰਟਰਨੈੱਟ ਨੂੰ ਨੈੱਟਵਰਕ ਆਫ ਨੈੱਟਵਰਕਸ ਵੀ ਕਿਹਾ ਜਾਂਦਾ ਹੈ ਤੇ ਇਹ ਸੰਸਾਰ ਵਿੱਚ ਫੈਲੇ ਲੱਖਾਂ ਕੰਪਿਊਟਰਾਂ ਤੋਂ ਬਣਿਆ ਹੈ। ਇੰਟਰਨੈੱਟ ਬੱਸ ਇੱਕ ਮਾਊਸ ਦੇ ਕਲਿੱਕ ਕਰਨ ਨਾਲ ਹੀ ਦੁਨੀਆਂ ਵਿੱਚ ਫੈਲੀ ਸੂਚਨਾ ਨੂੰ ਸਾਂਝਾ ਕਰਨ ਵਿੱਚ ਮੱਦਦ ਕਰਦਾ ਹੈ

### 2. ਇੰਟਰਨੈੱਟ ਸੇਵਾ ਪ੍ਰਦਾਤਾਵਾਂ ਦੀ ਕੁਝ ਉਦਾਹਰਣ ਦਿਓ?

ਉੱਤਰ- ਇੰਟਰਨੈਟ ਸੇਵਾ ਪ੍ਰਦਾਤਾਵਾਂ ਦੀਆਂ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ:

1. ਬੀ ਐਸ ਐਨ ਐਲ

2. ਰਿਲਾਇੰਸ ਜੀਓ

3. ਏਅਰਟੈੱਲ

4. ਵੋਡਾਫੋਨ

### 3. ਈ-ਕਾਮਰਸ ਸ਼ਬਦ ਦੁਆਰਾ ਤੁਹਾਡਾ ਕੀ ਅਰਥ ਹੈ?

ਉੱਤਰ- ਸਮੇਂ ਅਤੇ ਦੂਰੀ ਦੀਆਂ ਸੀਮਾਂਵਾਂ ਤੋਂ ਹਟਕੇ ਵਪਾਰ ਕਰਨ ਦੀ ਯੋਗਤਾ ਹੀ ਈ-ਕਾਮਰਸ ਨੂੰ ਇੰਟਰਨੈੱਟ ਦੀ ਸਭ ਤੋਂ ਮਹੱਤਵਪੂਰਨ ਸੁਵਿਧਾ ਬਣਾਉਂਦੀ ਹੈ ਮਾਊਸ ਦੇ ਇੱਕ ਬਟਨ ਦਬਾਉਣ ਨਾਲ ਗਾਹਕ ਕੋਈ ਵੀ ਚੀਜ਼ ਚਾਹੇ ਦਿਨ ਹੋਵੇ ਜਾਂ ਰਾਤ, ਘਰ ਬੈਠੇ ਹੀ ਆਨ ਲਾਈਨ ਖਰੀਦ ਸਕਦਾ ਹੈ

### 4. WWW ਦੀ ਪਰਿਭਾਸ਼ਾ ਦਿਓ?

ਉੱਤਰ- WWW ਦਾ ਅਰਥ ਹੈ, ਵਰਲਡ ਵਾਈਡ ਵੈੱਬ ਇੱਕ ਬਹੁਤ ਵੱਡਾ ਕੰਪਿਊਟਰ ਨੈੱਟਵਰਕ ਹੈ, ਜਿੱਥੇ ਅਸੀਂ ਇੰਟਰਨੈੱਟ ਜਿਹੇ ਬ੍ਰਾਊਜ਼ਰ ਦੀ ਵਰਤੋਂ ਕਰਕੇ ਸਰਫਿੰਗ ਕਰ ਸਕਦੇ ਹਾਂ ਅਤੇ ਸੂਚਨਾ ਪ੍ਰਾਪਤ ਕਰ ਸਕਦੇ ਹਾਂ| ਇਸ ਵਿੱਚ ਸਾਰੀਆਂ ਪਬਲਿਕ ਵੈੱਬਸਾਈਟਾਂ ਅਤੇ ਕਲਾਇੰਟ ਉਪਕਰਨ ਜਿਵੇਂ ਕੰਪਿਊਟਰ ਅਤੇ ਮੋਬਾਈਲ ਫੋਨ ਸ਼ਾਮਲ ਹੁੰਦੇ ਹਨ| ਵੈੱਬਸਾਈਟਾਂ ਤੇ ਬਹੁਤ ਸਾਰੀ ਜਾਣਕਾਰੀ ਹਰ ਰੋਜ਼ ਪਾਈ ਜਾਦੀ ਹੈ, ਜਿਸ ਵਿੱਚ ਅਸੀਂ ਆਪਣੀ ਜਰੂਰਤ ਅਨੁਸਾਰ ਵੇਖ ਤੇ ਪ੍ਰਾਪਤ ਕਰ ਸਕਦੇ ਹਾਂ

## 5. ਇੰਟਰਨੈੱਟ ਕੁਨੈਕਸ਼ਨ ਦੀਆਂ ਕਿਸਮਾਂ ਬਾਰੇ ਦੱਸੋ.

ਉੱਤਰ- ਇੰਟਰਨੈੱਟ ਕੁਨੈਕਸ਼ਨ ਦੀਆਂ ਕੁਝ ਆਮ ਕਿਸਮਾਂ ਜਿਹਨਾਂ ਨੂੰ ਐਕਸੈਸ ਇੰਟਰਨੈਟ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ:

1. ਡਾਇਲ ਅਪ ਕੁਨੈਕਸ਼ਨ
2. ਵਾਇਰਲੈਸ
3. ਆਈ ਐਸ ਡੀ ਐਨ
4. ਬ੍ਰਾਡਬੈਂਡ
5. ਡੀ.ਐਸ.ਐਲ

## 6. ਈ-ਮੇਲ ਬਾਰੇ ਦੱਸੋ?

ਉੱਤਰ- ਆਮ ਤੌਰ ਤੇ ਈ-ਮੇਲ ਨੂੰ ਇਲੈਕਟ੍ਰਾਨਿਕ ਮੇਲ ਵੀ ਕਿਹਾ ਜਾਂਦਾ ਹੈ| ਇਹ ਇੰਟਰਨੈੱਟ ਦੀ ਇੱਕ ਮਹੱਤਵਪੂਰਨ ਸੁਵਿਧਾ ਹੈ| ਈ-ਮੇਲ ਦੁਆਰਾ ਸੰਦੇਸ਼ ਨੂੰ ਭੇਜਿਆ ਅਤੇ ਪ੍ਰਾਪਤ ਕੀਤਾ ਜਾਂਦਾ ਹੈ। ਈ-ਮੇਲ ਸੰਚਾਰ ਕਰਨ ਦਾ ਇੱਕ ਵਧੀਆ ਸਾਧਨ ਹੈ| ਅੱਜ-ਕੱਲ ਈ-ਮੇਲ ਦੀ ਵਰਤੋਂ ਬਹੁਤ ਜ਼ਿਆਦਾ ਵੱਧ ਗਈ ਹੈ ਅਤੇ ਇਹ ਭਰੋਸੇਯੋਗ ਵੀ ਹੈ

## 7. ਵੈੱਬ ਖੋਜ ਕੀ ਹੈ?

ਉੱਤਰ- ਇੰਟਰਨੈੱਟ ਤੋਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨ ਸਮੇਂ ਜੋ ਵੈੱਬ ਪੇਜ ਜਾਂ ਵੈੱਬਸਾਈਟਾਂ ਖੋਜੀਆਂ ਜਾਂਦੀਆਂ ਹਨ, ਨੂੰ ਹੀ ਵੈੱਬ ਸਰਚਿੰਗ ਕਿਹਾ ਜਾਂਦਾ ਹੈ | ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਬਹੁਤ ਸਾਰੇ ਵੈੱਬ ਪੇਜ ਲੱਭੇ ਜਾਂਦੇ ਹਨ। ਗੂਗਲ ਇੱਕ ਮਸ਼ਹੂਰ ਵੈੱਬ ਸਰਚ ਇੰਜਣ ਹੈ, ਜਿਸ ਦੀ ਵਰਤੋਂ ਵੈੱਬ ਸਰਚਿੰਗ ਲਈ ਕੀਤੀ ਜਾਂਦੀ ਹੈ| ਸਰਚ ਇੰਜਣ ਵੈੱਬ ਪੇਜ ਲੱਭਦੇ ਹਨ ਅਤੇ ਉਹਨਾਂ ਨੂੰ ਲੜੀਬੱਧ ਕਰਦੇ ਹਨ ਤਾਂ ਜੋ ਅਸੀਂ ਉਸ ਤੋਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕੀਏ

## 8. ਇੰਟਰਨੈਟ ਲਈ ਹਾਰਡਵੇਅਰ ਲੋੜਾਂ ਦੀ ਸੂਚੀ ਬਣਾਓ?

ਉੱਤਰ- ਇੰਟਰਨੈੱਟ ਲਈ ਹੇਠ ਦਿੱਤੇ ਹਾਰਡਵੇਅਰ ਦੀ ਜਰੂਰਤ ਹੈ:

1. ਇੱਕ ਨਿੱਜੀ ਕੰਪਿਊਟਰ 800 ਮੈਗਾਹਰਟਜ਼
2. ਲਗਭਗ 128 ਐਮਬੀ ਦੀ ਰੈਮ
3. ਟੈਲੀਫੋਨ ਲਾਈਨ ਕੁਨੈਕਸ਼ਨ
4. ਇੰਟਰਨੈੱਟ ਨੂੰ ਜੋੜਨ ਲਈ ਮਾਡਮ
5. ਟੀਸੀਪੀ / ਆਈਪੀ ਪ੍ਰੋਟੋਕੋਲ